Punjabi

# ਧਾਰਮਕ ਵੰਨ-ਸੁਵੰਨਤਾ 'ਤੇ ਬਿਆਨ

ਨਿਊਜ਼ੀਲੈਂਡ ਕਈ ਧਰਮਾਂ ਦਾ ਇੱਕ ਦੇਸ਼ ਹੈ ਜਿਥੇ ਇੱਕ ਮਹੱਤਵਪੂਰਨ ਘੱਟ-ਗਿਣਤੀ ਉਹਨਾਂ ਲੋਕਾਂ ਦੀ ਹੈ ਜੋ ਕਿਸੇ ਧਰਮ ਵਿੱਚ ਵਿਸ਼ਵਾਸ ਨਹੀਂ ਕਰਦੇ। ਧਾਰਮਕ ਵੰਨ-ਸੁਵੰਨਤਾ ਨੂੰ ਵਧਾਉਣਾ ਜਨਤਕ ਜੀਵਨ ਦੀ ਇੱਕ ਅਹਿਮ ਵਿਸ਼ੇਸ਼ਤਾ ਹੈ।

1840 ਵਿੱਚ ਵੇਤਾਂਗੀ ਦੀ ਸੰਧੀ (Treaty of Waitangi) 'ਤੇ ਦਸਤਖ਼ਤ ਕਰਨ ਵੇਲੇ, ਗਵਰਨਰ ਹੋਬਸਨ ਨੇ ਕੈਥੋਲਿਕ ਬਿਸ਼ਪ ਪੋਂਪਾਲੀਅਰ ਦੇ ਇੱਕ ਸਵਾਲ ਦੇ ਜਵਾਬ ਵਿੱਚ ਪੁਸ਼ਟੀ ਕੀਤੀ ਸੀ, ''ਇੰਗਲੈਂਡ ਦੇ, ਵੈਜ਼ਲੀਅਨਾਂ ਦੇ, ਰੋਮ ਦੇ ਕਈ ਧਰਮਾਂ (ਵਿਸ਼ਵਾਸਾਂ) ਅਤੇ ਨਾਲ ਹੀ ਮਾਓਰੀ ਰੀਤਾਂ ਦੀ ਇੱਕੋ ਜਿਹੀ ਰੱਖਿਆ ਕੀਤੀ ਜਾਵੇਗੀ''। ਇਹ ਅਧਾਰ ਨਿਊਜ਼ੀਲੈਂਡ ਵਿੱਚ ਵਿਸ਼ਵਾਸਾਂ ਦੀ ਵੰਨ-ਸੁਵੰਨਤਾ ਦੀ ਇੱਕ ਪ੍ਰਵਾਨਗੀ ਦੀ ਮੁੜ ਪੁਸ਼ਟੀ ਕਰਨ ਦਾ ਮੌਕਾ ਪੈਦਾ ਕਰਦਾ ਹੈ।

ਈਸਾਈ ਮਤ ਨੇ ਦੇਸ਼ ਦੀ ਪਛਾਣ, ਸਭਿਆਚਾਰ, ਵਿਸ਼ਵਾਸਾਂ, ਸੰਸਥਾਵਾਂ ਅਤੇ ਕਦਰਾਂ-ਕੀਮਤਾਂ ਦੇ ਸਬੰਧ ਵਿੱਚ ਨਿਊਜ਼ੀਲੈਂਡ ਦੇ ਵਿਕਾਸ ਵਿੱਚ ਇੱਕ ਰਚਨਾਤਮਕ ਭੂਮਿਕਾ ਨਿਭਾਈ ਹੈ ਅਤੇ ਅਜੇ ਵੀ ਨਿਭਾ ਰਿਹਾ ਹੈ।

ਨਵੇਂ ਵੱਸਣ ਵਾਲੇ ਹਮੇਸ਼ਾ ਧਾਰਮਕ ਰੂਪ ਵਿੱਚ ਵੰਨ-ਸੁਵੰਨੇ ਰਹੇ ਹਨ, ਪਰ ਸਿਰਫ਼ ਹਾਲ ਹੀ ਵਿੱਚ ਏਸ਼ੀਆ, ਅਫ਼ਰੀਕਾ ਅਤੇ ਮਿਡਲ ਈਸਟ ਤੋਂ ਪਰਵਾਸ ਦੇ ਸਿੱਟੇ ਵਜੋਂ ਉਹਨਾਂ ਦੇ ਕੁਝ ਵਿਸ਼ਵਾਸਾਂ ਦੇ ਭਾਈਚਾਰਿਆਂ ਵਿੱਚ ਮਹੱਤਵਪੂਰਨ ਰੂਪ ਵਿੱਚ ਵਾਧਾ ਹੋਇਆ ਹੈ। ਸਾਡੇ ਸਮਾਜ ਵਿੱਚ ਇਹਨਾਂ ਭਾਈਚਾਰਿਆਂ ਦੇ ਨਿਭਾਉਣ ਲਈ ਇੱਕ ਉਸਾਰੂ ਭੂਮਿਕਾ ਹੈ। ਇਸੇ ਪ੍ਰਸੰਗ ਵਿੱਚ ਹੀ ਅਸੀਂ ਧਰਮ ਦੇ ਅਧਿਕਾਰ ਅਤੇ ਧਾਰਮਕ ਭਾਈਚਾਰਿਆਂ ਦੀਆਂ ਜ਼ਿੰਮੇਵਾਰੀਆਂ ਨੂੰ ਮਾਨਤਾ ਦਿੰਦੇ ਹਾਂ।

ਮਨੁੱਖੀ ਅਧਿਕਾਰਾਂ ਦੇ ਵਿਸ਼ਵ-ਵਿਆਪੀ ਐਲਾਨਨਾਮੇ (Universal Declaration of Human Rights) ਅਤੇ ਸਿਵਲ ਅਤੇ ਰਾਜਸੀ ਅਧਿਕਾਰਾਂ 'ਤੇ ਅੰਤਰਰਾਸ਼ਟਰੀ ਇਕਰਾਰਨਾਮੇ (International Covenant on Civil and Political Rights) ਸਮੇਤ ਅੰਤਰਰਾਸ਼ਟਰੀ ਸੰਧੀਆਂ ਧਰਮ ਅਤੇ ਵਿਸ਼ਵਾਸ ਦੀ ਅਜ਼ਾਦੀ ਦੇ ਅਧਿਕਾਰ – ਕਿਸੇ ਧਰਮ ਵਿੱਚ ਵਿਸ਼ਵਾਸ ਕਰਨ ਦਾ ਅਧਿਕਾਰ; ਆਪਣੇ ਧਰਮ ਜਾਂ ਵਿਸ਼ਵਾਸ ਨੂੰ ਬਦਲਣ ਦਾ ਅਧਿਕਾਰ; ਆਪਣੇ ਧਰਮ ਜਾਂ ਵਿਸ਼ਵਾਸ ਦੇ ਪ੍ਰਗਟਾਵੇ ਦਾ ਅਧਿਕਾਰ; ਅਤੇ ਕਿਸੇ ਧਰਮ ਵਿੱਚ ਵਿਸ਼ਵਾਸ ਨਾ ਕਰਨ ਦਾ ਅਧਿਕਾਰ – ਦੀ ਹਾਮੀ ਭਰਦੀਆਂ ਹਨ। ਇਹ ਅਧਿਕਾਰ ਨਿਊਜ਼ੀਲੈਂਡ ਬਿੱਲ ਆਫ਼ ਰਾਈਟਸ ਐਕਟ (New Zealand Bill of Rights Act) ਅਤੇ ਹਿਊਮਨ ਰਾਈਟਸ ਐਕਟ (Human Rights Act) ਵਿੱਚ ਪ੍ਰਤੀਬਿੰਬਤ ਕੀਤੇ ਗਏ ਹਨ। ਧਰਮ ਦਾ ਅਧਿਕਾਰ ਇਸ ਅਧਿਕਾਰ ਦੇ ਹੋਰਨਾਂ ਦੀ ਪੁੱਜਤ ਵਿੱਚ ਹੋਣ ਅਤੇ ਉਹਨਾਂ ਦੇ ਮਨੁੱਖੀ ਅਧਿਕਾਰਾਂ ਨੂੰ ਭੰਗ ਨਾ ਕਰਨ ਨੂੰ ਲਾਜ਼ਮੀ ਬਣਾਉਂਦਾ ਹੈ।

ਹੇਠਾਂ ਦਿੱਤਾ ਬਿਆਨ ਨਿਊਜ਼ੀਲੈਂਡ ਦੇ ਵੰਨ-ਸੁਵੰਨੇ ਵਿਸ਼ਵਾਸ ਦੇ ਭਾਈਚਾਰਿਆਂ ਦੀ ਮਾਨਤਾ ਲਈ ਅਤੇ ਉਹਨਾਂ ਦੇ ਇੱਕ-ਦੂਜੇ ਨਾਲ, ਸਰਕਾਰ ਨਾਲ ਅਤੇ ਸਮਾਜ ਵਿੱਚ ਹੋਰਨਾਂ ਸਮੂਹਾਂ ਨਾਲ ਇਕਸਾਰਤਾ ਭਰੇ ਤਾਲਮੇਲ ਲਈ ਇੱਕ ਢਾਂਚਾ ਮੁਹੱਈਆ ਕਰਦਾ ਹੈ:

***1. ਸਟੇਟ ਅਤੇ ਧਰਮ***

ਸਟੇਟ ਕਨੂੰਨ ਦੀ ਨਜ਼ਰ ਵਿੱਚ ਸਾਰੇ ਵਿਸ਼ਵਾਸਾਂ ਦੇ ਭਾਈਚਾਰਿਆਂ ਅਤੇ ਜਿਹੜੇ ਲੋਕ ਕਿਸੇ ਧਰਮ ਵਿੱਚ ਵਿਸ਼ਵਾਸ ਨਹੀਂ ਕਰਦੇ, ਉਹਨਾਂ ਨਾਲ ਬਰਾਬਰ ਦਾ ਸਲੂਕ ਕਰਨਾ ਚਾਹੁੰਦਾ ਹੈ। ਨਿਊਜ਼ੀਲੈਂਡ ਦਾ ਕੋਈ ਅਧਿਕਾਰਕ ਜਾ ਸਥਾਪਤ ਧਰਮ ਨਹੀਂ ਹੈ।

***2. ਧਰਮ ਦਾ ਅਧਿਕਾਰ***

ਨਿਊਜ਼ੀਲੈਂਡ ਧਰਮ ਦੀ ਅਜ਼ਾਦੀ ਦੇ ਅਧਿਕਾਰ ਨੂੰ ਅਤੇ ਧਾਰਮਕ ਜਾਂ ਕਿਸੇ ਹੋਰ ਵਿਸ਼ਵਾਸ ਦੇ ਅਧਾਰ 'ਤੇ ਵਿਤਕਰੇ ਤੋਂ ਅਜ਼ਾਦੀ ਦੇ ਅਧਿਕਾਰ ਦੀ ਹਾਮੀ ਭਰਦਾ ਹੈ।

***3. ਸੁਰੱਖਿਆ ਦਾ ਅਧਿਕਾਰ***

ਵਿਸ਼ਵਾਸ ਦੇ ਭਾਈਚਾਰਿਆਂ ਅਤੇ ਉਹਨਾਂ ਦੇ ਮੈਂਬਰਾਂ ਕੋਲ ਸੁਰੱਖਿਆ ਅਤੇ ਸਲਾਮਤੀ ਦਾ ਇੱਕ ਅਧਿਕਾਰ ਹੁੰਦਾ ਹੈ।

***4. ਪ੍ਰਗਟਾਵੇ ਦੀ ਅਜ਼ਾਦੀ ਦਾ ਅਧਿਕਾਰ***

ਪ੍ਰਗਟਾਵੇ ਦੀ ਅਜ਼ਾਦੀ ਅਤੇ ਮੀਡੀਆ ਦੀ ਅਜ਼ਾਦੀ ਦਾ ਅਧਿਕਾਰ ਲੋਕਤੰਤਰ ਲਈ ਅਤਿ-ਜ਼ਰੂਰੀ ਹਨ ਪਰ ਇਹਨਾਂ ਦਾ ਇਸਤੇਮਾਲ ਜ਼ਿੰਮੇਵਾਰੀ ਨਾਲ ਕੀਤਾ ਜਾਣਾ ਚਾਹੀਦਾ ਹੈ।

***5. ਮਾਨਤਾ ਅਤੇ ਰਿਹਾਇਸ਼***

ਵੰਨ-ਸੁਵੰਨੇ ਧਾਰਮਕ ਵਿਸ਼ਵਾਸਾਂ ਅਤੇ ਰੀਤਾਂ ਨੂੰ ਮਾਨਤਾ ਦੇਣ ਅਤੇ ਸਮਾਉਣ ਲਈ ਵਿਦਿਅਕ ਅਤੇ ਕੰਮ ਦੀਆਂ ਪਰਿਸਥਿਤੀਆਂ ਵਿੱਚ ਅਤੇ ਜਨਤਕ ਸੇਵਾਵਾਂ ਦੀ ਵੰਡ ਵਿੱਚ ਮੁਨਾਸਬ ਕਦਮ ਚੁੱਕੇ ਜਾਣੇ ਚਾਹੀਦੇ ਹਨ।

***6. ਸਿੱਖਿਆ***

ਸਕੂਲਾਂ ਨੂੰ ਵੱਖੋ-ਵੱਖ ਧਾਰਮਕ ਅਤੇ ਅਧਿਆਤਮਕ ਰਵਾਇਤਾਂ ਦੀ ਇੱਕ ਸਮਝ ਦੀ ਸਿੱਖਿਆ ਇਸ ਢੰਗ ਨਾਲ ਦੇਣੀ ਚਾਹੀਦੀ ਹੈ ਜੋ ਉਹਨਾਂ ਦੇ ਕੌਮੀ ਅਤੇ ਸਥਾਨਕ ਭਾਈਚਾਰੇ ਦੀ ਵੰਨ-ਸੁਵੰਨਤਾ ਨੂੰ ਦਰਸਾਉਂਦੀ ਹੋਵੇ।

***7. ਧਾਰਮਕ ਮਤਭੇਦ***

ਧਾਰਮਕ ਵਿਸ਼ਵਾਸਾਂ ਬਾਰੇ ਵਾਦ-ਵਿਵਾਦ ਅਤੇ ਅਸਹਿਮਤੀ ਹੋਵੇਗੀ ਪਰ ਇਹਨਾਂ ਦੀ ਵਰਤੋਂ ਕਨੂੰਨ ਦੇ ਨਿਯਮ ਦੇ ਅੰਦਰ-ਅੰਦਰ ਅਤੇ ਹਿੰਸਾ ਦੇ ਇਰਾਦੇ ਤੋਂ ਬਿਨਾ ਹੀ ਹੋਣੀ ਚਾਹੀਦੀ ਹੈ।

***8. ਮਿਲਵਰਤਣ ਅਤੇ ਸਮਝ***

ਸਰਕਾਰ ਅਤੇ ਵਿਸ਼ਵਾਸਾ ਦੇ ਭਾਈਚਾਰਿਆਂ ਦੀ ਜ਼ਿੰਮੇਵਾਰੀ ਇੱਕ ਦੂਜੇ ਨਾਲ ਸਕਾਰਾਤਮਕ ਸਬੰਧ ਉਸਾਰਨਾ ਅਤੇ ਉਹਨਾਂ ਨੂੰ ਕਾਇਮ ਰੱਖਣਾ, ਅਤੇ ਆਪਸੀ ਆਦਰ ਅਤੇ ਸਮਝ ਨੂੰ ਪ੍ਰਫੁੱਲਤ ਕਰਨਾ ਹੈ।

*ਧਾਰਮਕ ਵੰਨ-ਸੁਵੰਨਤਾ 'ਤੇ ਬਿਆਨ ਨਿਊਜ਼ੀਲੈਂਡ ਡਾਇਵਰਸਿਟੀ ਐਕਸ਼ਨ ਪ੍ਰੋਗਰਾਮ (New Zealand Diversity Action Programme),Te Ngira ਦਾ ਇੱਕ ਪ੍ਰਾਜੈਕਟ ਹੈ। ਇਸਨੂੰ ਧਾਰਮਕ ਭਾਈਚਾਰੇ ਅਤੇ ਮਨੁੱਖੀ ਅਧਿਕਾਰ ਨੁਮਾਇੰਦਿਆਂ ਦੇ ਇੱਕ ਸਲਾਹਕਾਰ ਸਮੂਹ ਨਾਲ ਵਿਕਟੋਰੀਆ ਯੂਨੀਵਰਸਿਟੀ ਧਾਰਮਕ ਅਧਿਐਨ ਪ੍ਰੋਗਰਾਮ (Victoria University Religious Studies Programme) ਵੱਲੋਂ ਤਿਆਰ ਕੀਤਾ ਗਿਆ ਸੀ ਅਤੇ ਇਹ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਤਾਲਮੇਲ ਨਾਲ ਕੀਤੇ ਗਏ ਕੌਮੀ ਪੱਧਰ ਦੇ ਜਨਤਕ ਸਲਾਹ-ਮਸ਼ਵਰੇ ਦਾ ਵਿਸ਼ਾ ਸੀ।*

*ਚੱਲ ਰਹੇ ਜਨਤਕ ਵਿਚਾਰ-ਵਟਾਂਦਰੇ ਲਈ ਇੱਕ ਅਧਾਰ ਵਜੋਂ ਬਿਆਨ ਦਾ ਸਮਰਥਨ ਫ਼ਰਵਰੀ 2007 ਵਿੱਚ ਹੈਮਿਲਟਨ ਵਿੱਚ ਨੈਸ਼ਨਲ ਇੰਟਰਫੇਦ ਫ਼ੋਰਮ (National Interfaith Forum) ਵੱਲੋਂ ਕੀਤਾ ਗਿਆ ਸੀ। ਸੰਸਥਾਵਾਂ ਨੂੰ ਬਿਆਨ ਦਾ ਸਮਰਥਨ ਕਰਨ ਅਤੇ ਭਵਿੱਖ ਵਿੱਚ ਹੋਣ ਵਾਲੀ ਸਮੀਖਿਆ ਲਈ ਹੋਰ ਸੁਝਾਅ ਮੁਹੱਈਆ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ*
**www.hrc.co.nz/religiousdiversity** *'ਤੇ ਪਧਾਰੋ।*

*ਜੇ ਤੁਸੀਂ ਨਿਊਜ਼ੀਲੈਂਡ ਡਾਇਵਰਸਿਟੀ ਐਕਸ਼ਨ ਪ੍ਰੋਗਰਾਮ ਦੀ ਮਹੀਨੇਵਾਰ ਇੰਟਰਫ਼ੇਦ ਈ-ਪੱਤ੍ਰਕਾ, Te Korowai Whakapono, ਪ੍ਰਾਪਤ ਕਰਨਾ ਚਾਹੋ, ਤਾਂ ਕਿਰਪਾ ਕਰਕੇ nzdiversity@hrc.co.nz 'ਤੇ ਈਮੇਲ ਕਰੋ।*

*ਵਿਸ਼ਵਾਸਾਂ ਦੇ ਭਾਈਚਾਰਿਆਂ ਨੂੰ ਡਾਇਵਰਸਿਟੀ ਐਕਸ਼ਨ ਪ੍ਰੋਗਰਾਮ ਵਿੱਚ ਜੁੜਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਹੋਰ ਜਾਣਕਾਰੀ, ਅਤੇ ਇੱਕ ਰਜਿਸਟ੍ਰੇਸ਼ਨ ਫ਼ਾਰਮ ਲਈ, www.hrc.co.nz/diversity 'ਤੇ ਪਧਾਰੋ।*


***ਸਾਨੂੰ ਸੰਪਰਕ ਕਰੋ***

ਪੀ.ਓ. ਬੱਾਕਸ 6751, ਵੈਲਜ਼ਲੀ ਸਟ੍ਰੀਟ) (PO Box 6751, Wellesley Street)
ਔਕਲੈਂਡ 1141, ਨਿਊਜ਼ੀਲੈਂਡ (Auckland 1141, New Zealand)
**ਟੈਲੀਫ਼ੋਨ:** ++ 64 9 309 0874 **ਨਿਸ਼ੁਲਕ:** 0800 496 877
**ਫ਼ੈਕਸ:** ++ 64 9 377 3593 **ਟੀ.ਟੀ.ਵਾਈ. ਨੰਬਰ:** 0800 150 111
**ਈਮੇਲ:** infoline@hrc.co.nz **ਵੈੱਬਸਾਈਟ:** www.hrc.co.nz
***ਲੈਂਗੁਏਜ ਲਾਈਨ (ਇੱਕ ਦੁਭਾਸ਼ੀਆ ਸੇਵਾ) ਬੇਨਤੀ ਕਰਨ 'ਤੇ ਉਪਲਬਧ ਹੈ।***